2-1-2000

ਵਿਚਾਰ-ਚਰਚਾ — ਗੁਰਸ਼ਰਨ ਸਿੰਘ

## ਨਵੇਂ ਸਾਲ ਦਾ ਪੈਗ਼ਾਮ

# ਚੇਤਨਾ ਨੂੰ ਪਰਚੰਡ ਕਰੀਏ

ਅੱਜ ਵੀਹਵੀਂ ਸਦੀ ਦੇ ਆਖਰੀ ਸਾਲ ਦਾ ਪਹਿਲਾ ਦਿਨ ਹੈ। ਇਹ ਸਦੀ ਮਨੁੱਖ ਦੇ ਇਤਿਹਾਸ ਵਿਚ ਸਾਰਿਆਂ ਨਾਲੋਂ ਮਹੱਤਵਪੂਰਨ ਸਦੀ ਕਹੀ ਜਾ ਸਕਦੀ ਹੈ। ਦੋ ਵਿਸ਼ਵ ਜੰਗਾਂ ਇਸ ਸਦੀ ਵਿਚ ਹੋਈਆਂ। ਰੂਸ ਦਾ, ਚੀਨ ਦਾ ਇਨਕਲਾਬ ਇਸ ਸਦੀ ਵਿਚ ਹੋਇਆ। ਰੂਸ ਦੇ ਇਨਕਲਾਬ ਨੂੰ ਸੱਟ ਇਸੇ ਸਦੀ ਵਿਚ ਲੱਗੀ। ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਬਹੁਤ ਸਾਰੇ ਮੁਲਕ ਇਸੇ ਸਦੀ ਵਿਚ ਆਜ਼ਾਦ ਹੋਏ। ਐਟਮ ਬੰਬ, ਹਾਈਡਰੋਜਨ ਬੰਬ ਇਸੇ ਸਦੀ ਵਿਚ ਬਣੇ। ਸਾਇੰਸ ਖਾਸ ਕਰਕੇ ਡਾਕਟਰੀ ਸਾਇੰਸ ਨੇ ਹੈਰਾਨਕੁਨ ਤਰੱਕੀ ਕੀਤੀ, ਪਰ ਇਸੇ ਸਦੀ ਵਿਚ ਹੁਣ ਵਿਸ਼ਵੀਕਰਨ ਦੇ ਨਾਂ ਥੱਲੇ ਨਵੇਂ ਸਾਮਰਾਜ ਦਾ ਬੀਂ ਵੀ ਬੀਜਿਆ ਜਾ ਰਿਹਾ ਹੈ। ਦੁਨੀਆ ਮਨੁੱਖਦੋਖੀ ਅਰਥਚਾਰੇ ਦੀ ਸਰਦਲ 'ਤੇ ਖੜ੍ਹੀ ਹੈ। ਅਖ਼ਬਾਰਾਂ ਵਿਚ ਕਥਿਤ ਬੁੱਧੀਜੀਵੀ ਇਸ ਸਦੀ ਦੀਆਂ ਚੁਣੌਤੀਆਂ ਬਾਰੇ ਬਹੁਤ ਕੁਝ ਲਿਖ ਰਹੇ ਹਨ। ਹਾਂ ਬਹੁਤ ਕੁਝ ਅਖ਼ਬਾਰਾਂ ਵਿਚ ਆ ਰਿਹਾ ਹੈ। ਜੋ ਨਹੀਂ ਆ ਰਿਹਾ, ਉਹ ਇਹ ਨਹੀਂ ਆ ਰਿਹਾ ਕਿ ਹਾਕਮਾਂ ਕੋਲ ਆਉਣ ਵਾਲੀ ਸਦੀ ਵਿਚ ਗ਼ਰੀਬਾਂ ਲਈ ਉਹਨਾਂ ਦੀ ਗ਼ਰੀਬੀ ਦੂਰ ਕਰਨ ਲਈ ਕੀ ਹੈ? ਲੋਕਪੱਖੀ ਸ਼ਕਤੀਆਂ ਲਈ ਇਹੀ ਸਾਰਿਆਂ ਤੋਂ ਵੱਡੀ ਚੁਣੌਤੀ ਹੈ।

ਬਿਲਕੁਲ ਅੱਜ ਦੀ ਹੀ ਗੱਲ ਲੈ ਲਈਏ। ਇਹ ਬੜੀ ਤਸੱਲੀ ਵਾਲੀ ਖ਼ਬਰ ਹੈ ਕਿ ਅਗਵਾ ਕੀਤੇ ਜਹਾਜ਼ ਦੇ ਸਾਰੇ ਮੁਸਾਫ਼ਿਰ (ਇਕ ਤੋਂ ਸਿਵਾ) ਵਾਪਸ ਭਾਰਤ ਪਰਤ ਰਹੇ ਹਨ। ਤਿੰਨ ਉਗਰਵਾਦੀ ਇਹਦੇ ਬਦਲੇ ਛੱਡਣੇ ਪਏ ਹਨ। ਆਉਣ ਵਾਲੇ ਦਿਨਾਂ ਵਿਚ ਇਸ ਬਾਰੇ ਕਾਫ਼ੀ ਬਹਿਸ ਚਲੇਗੀ, ਪਰ ਜਿਹੜਾ ਅਸਲੀ ਮੁੱਦਾ ਧਿਆਨ ਮੰਗਦਾ ਹੈ ਉਹ ਵਿਸਰਿਆ ਹੀ ਰਹੇਗਾ ਕਿ ਪਹਿਲੇ ਕਾਰਗਿਲ, ਹੁਣ ਅਗ਼ਵਾ ਕੀਤਾ ਜਹਾਜ਼, ਇਸ ਸਭ ਕੁਝ ਦਾ ਕਾਰਨ ਕੀ ਹੈ? ਕਾਰਨ ਇਹੀ ਹੈ ਕਿ ਕਸ਼ਮੀਰ ਦਾ ਮਸਲਾ ਹੱਲ ਨਹੀਂ ਕੀਤਾ ਜਾ ਸਕਿਆ। ਇਹ ਹੱਲ ਹੋਣਾ ਚਾਹੀਦਾ ਹੈ। ਆਪ ਨਹੀਂ ਹੱਲ ਕਰ ਸਕਦੇ ਤਾਂ ਯੂ.ਐਨ.ਓ. ਜਾਂ ਹੋਰ ਅੰਤਰਰਾਸ਼ਟਰੀ ਏਜੰਸੀਆਂ ਦੀ ਮਦਦ ਲਈ ਜਾਏ। ਹੁਣ ਵੀ ਜਹਾਜ਼ ਦੇ ਬੰਧਕਾਂ ਦਾ ਮਸਲਾ ਹੱਲ ਕਰਨ ਲਈ ਤਾਲੀਬਾਨ ਦੀ ਮਦਦ ਲੈਣੀ ਪਈ। ਤਾਲੀਬਾਨ ਕੋਈ ਸਾਡਾ ਦੋਸਤ ਨਹੀਂ। ਅਰਬਾਂ-ਖਰਬਾਂ ਦਾ ਖਰਚ ਜੋ ਕਸ਼ਮੀਰ ਕਰਕੇ ਹੋ ਰਿਹਾ ਹੈ, ਇਹਦਾ ਬਹੁਤਾ ਅਸਰ ਗ਼ਰੀਬਾਂ 'ਤੇ ਹੀ ਪੈ ਰਿਹਾ ਹੈ। ਪਾਕਿਸਤਾਨ ਵਿਰੁੱਧ ਨਫ਼ਰਤ ਪਾਲਣ ਨਾਲ ਤਾਂ ਇਹ ਮਸਲਾ ਹੱਲ ਨਹੀਂ ਹੋਣਾ।

ਪੰਜਾਬ ਦੇ ਲੋਕਾਂ ਨੂੰ ਸਾਲ ਦੇ ਪਹਿਲੇ ਦਿਨ ਮੰਤਰੀ ਮੰਡਲ ਦੇ ਵਾਧੇ ਦਾ ਤੋਹਫ਼ਾ ਮਿਲਿਆ ਹੈ। ਪੈਂਦਿਆਂ ਹੀ ਇਕ ਕਰੋੜ ਦੀ ਰਕਮ ਮੰਤਰੀਆਂ ਲਈ ਵੰਡੀ, ਬਾਕੀ ਕਾਰਾਂ ਮੁਹੱਈਆ ਕਰਨ 'ਤੇ ਲੱਗ ਜਾਏਗੀ ਤੇ ਫੇਰ ਮੰਤਰੀਆਂ ਲਈ ਸਹੂਲਤਾਂ ਮੁਹੱਈਆ ਕਰਨ ਦਾ ਹਰ ਮਹੀਨੇ ਲੱਖਾਂ ਦਾ ਖਰਚਾ ਵਾਧੂ। ਉਂਝ ਸਰਕਾਰ ਦਾ ਖ਼ਜ਼ਾਨਾ ਖਾਲੀ ਹੈ। ਮਹਿਕਮਿਆਂ ਵਿਚ ਛਾਂਟੀ ਕੀਤੀ ਜਾ ਰਹੀ ਹੈ ਅਖੇ ਮੁਲਾਜ਼ਿਮ ਫ਼ਾਲਤੂ ਹਨ, ਪਰ ਮੰਤਰੀਆਂ ਦੀ ਲੋੜ ਬਹੁਤ ਹੈ! ਪੰਜਾਬ ਦਾ ਇਹਨਾਂ ਬਿਨਾ ਸਰਦਾ ਨਹੀਂ। ਵੱਡਿਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਸਾਰਾ ਭਾਰ ਅਸਿੱਧੇ ਤਰੀਕੇ ਨਾਲ ਗ਼ਰੀਬਾਂ ਉੱਤੇ ਹੀ ਪੈਣਾ ਹੈ। ਉਹਨਾਂ ਦੇ ਬੱਚੇ ਹੀ ਚੰਗੀ ਵਿੱਦਿਆ ਨਹੀਂ ਲੈ ਸਕਣਗੇ। ਹਸਪਤਾਲਾਂ ਵਿਚ ਦਵਾਈਆਂ ਨਹੀਂ ਮਿਲਣੀਆਂ। ਕੀ ਹਾਕਮ ਲੋਕਾਂ ਨੂੰ ਇਹਦਾ ਫ਼ਿਕਰ ਹੈ? ਨਹੀਂ, ਬਿਲਕੁਲ ਨਹੀਂ। ਉਹਨਾਂ ਕੋਲ ਤਾਂ ਇਹ ਗੱਲ ਆਖਣ ਲਈ ਹੈ ਕਿ ਗਰੀਬਾਂ ਦਾ ਕੁਝ ਨਹੀਂ ਬਣ ਸਕਦਾ, ਕਿਉਂਕਿ ਇਹ ਬੱਚੇ ਹੀ ਬੜੇ ਜੰਮਦੇ ਹਨ। ਭਲਾ ਸਰਕਾਰ ਇਸ ਬਾਰੇ ਕੀ ਕਰੇ? ਜੇ ਨਹੀਂ ਕਰ ਸਕਦੀ ਤਾਂ ਫੇਰ ਸਰਕਾਰ ਹੈ ਕਿਸ ਲਈ? ਕੀ ਉਹ ਇਸੇ ਲਈ ਹੈ ਕਿ ਘਪਲੇ ਤੇ ਘਪਲਾ ਕਰਦੀ ਰਹੇ। ਉੜੀਸਾ ਵਿਚ ਤੂਫ਼ਾਨ ਆਏ ਤਾਂ ਰਾਹਤ ਦੀ ਰਕਮ ਸਰਕਾਰੀ ਘਪਲਾ ਹੀ ਖਾ ਜਾਏ?

ਅੱਜ ਨਵੇਂ ਸਾਲ ਦੇ ਪਹਿਲੇ ਦਿਨ ਅਸੀਂ ਆਪਣੀ ਚੇਤਨਾ ਨੂੰ ਪਰਚੰਡ ਕਰੀਏ। ਸਾਇੰਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆਂ ਦੀ ਹੁਣ ਵਾਲੀ 600 ਕਰੋੜ ਦੀ ਆਬਾਦੀ 4000 ਕਰੋੜ ਵੀ ਹੋ ਜਾਏ ਤਾਂ ਹਰ ਇਕ ਲਈ ਚੰਗੀ ਰੋਟੀ, ਕੱਪੜਾ, ਮਕਾਨ, ਡਾਕਟਰੀ ਸਹੂਲਤ, ਰੁਜ਼ਗਾਰ ਮੁਹੱਈਆ ਕੀਤਾ ਜਾ ਸਕਦਾ ਹੈ। ਇਹ ਪ੍ਰਬੰਧ ਬਦਲਣ ਦਾ ਉਪਰਾਲਾ ਕਰੀਏ। ਆਉਣ ਵਾਲੇ ਸਾਲ ਲਈ ਇਹੀ ਸਭ ਤੋਂ ਅਹਿਮ ਪੈਗ਼ਾਮ ਹੈ।

*********

# ਅਣਸੁਲਝੇ ਮਾਮਲੇ

ਸਫ਼ਾ 1 ਦੀ ਬਾਕੀ

ਮਾਮਲੇ ਵਿਚ ਫੜੇ ਇਕ ਦੋਸ਼ੀ ਦੇ ਕੇਸ ਵਿਚ ਵੀ ਇੰਝ ਹੀ ਕੀਤਾ ਜਾ ਰਿਹਾ ਹੈ। ਇਹ ਦੋਸ਼ੀ ਪੰਜਾਬ ਵਿਚ ਵੀ ਫੜਿਆ ਜਾ ਚੁੱਕਾ ਹੈ। ਇਸੇ ਤਰ੍ਹਾਂ ਮਲੋਆ ਵਿਚ ਚੰਡੀਗੜ੍ਹ ਪੁਲਿਸ ਵੱਲੋਂ ਪੁਲਿਸ ਦੇ ਹੀ ਇਕ ਹੌਲਦਾਰ ਤੋਂ ਸ਼ਰਾਬ ਦੀਆਂ ਦੋ ਪੇਟੀਆਂ ਬਰਾਮਦ ਕੀਤੀਆਂ ਗਈਆਂ। ਅਪਰਾਧਿਕ ਮਾਮਲਾ ਦਰਜ ਹੋਣ ਦੇ ਬਾਵਜੂਦ ਬਾਅਦ ਵਿਚ ਜਾਂਚ ਦੌਰਾਨ ਇਹ ਅਣਟਰੇਸ ਦਿਖਾ ਦਿੱਤਾ ਗਿਆ। ਕੀ ਇਸ ਤਰ੍ਹਾਂ ਜੁਰਮਾਂ 'ਤੇ ਰੋਕ ਲੱਗ ਸਕੇਗੀ? ਅਜਿਹੇ ਹੋਰ ਵੀ ਅਨੇਕਾਂ ਮਾਮਲੇ ਹਨ। ਇਸ ਸਬੰਧੀ ਚੰਡੀਗੜ੍ਹ ਦੇ ਨਵੇਂ ਐਸ.ਐਸ.ਪੀ. ਸ੍ਰੀ ਪਰਾਗ ਜੈਨ ਨੂੰ ਪੱਤਰਕਾਰਾਂ ਵੱਲੋਂ ਪੁੱਛੇ ਜਾਣ 'ਤੇ ਉਹਨਾਂ ਕਿਹਾ ਕਿ ਇਹਨਾਂ ਮਾਮਲਿਆਂ ਦੀ ਜਾਂਚ ਕਰਵਾਈ ਜਾਵੇਗੀ।